ਅਕਾਲੀ-ਭਾਜਪਾ ਸਰਕਾਰ ਹਰ ਫਰੰਟ 'ਤੇ ਫੇਲ੍ਹ-ਤੋਤਾ

ਧਨੌਲਾ, 6 ਮਾਰਚ (ਦਰਸ਼ਨ ਸਿੰਘ ਬੰਗੜ੍ਹ): ਪੰਜਾਬ 'ਚ ਅਮਲ ਕਾਨੂੰਨ ਦੀ ਸਥਿਤੀ ਦਿਨੋ-ਦਿਨ ਵਿਗੜਦੀ ਜਾ ਰਹੀਂ ਹੈ, ਜਿਸ ਦੀ ਜਿੰਮੇਂਵਾਰ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਸਿੱਧੇ ਤੌਰ 'ਤੇ ਆਉਂਦੀ ਹੈ, ਇੰਜ ਜਾਪਦਾ ਹੈ ਜਿਵੇਂ ਗੁੰਡਾ ਅਨਸਰਾਂ ਨੂੰ ਸੂਬਾ ਸਰਕਾਰ ਹੀ ਸ਼ਹਿ ਹੋਵੇ। ਇਹ ਦੋਸ਼ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਸੂਬਾ ਸਕੱਤਰ ਸ. ਰਹਿੰਦਰਦਾਸ ਤੋਤਾ ਨੇ ਪ੍ਰੈਸ ਨਾਲ ਗੱਲਬਾਤ ਦੌਰਾਨ ਲਗਾਏ। ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਅੰਦਰ ਅਕਾਲੀ ਦਲ ਦੀ ਸਰਕਾਰ ਆਈ ਹੈ ਉਦੋਂ ਲੁੱਟਾਂ ਖੋਹਾਂ, ਮਾਰਕੁਟਾਈ, ਸਰੇਆਮ ਕਤਲ ਹੋਣ ਵਿਚ ਵਾਧਾ ਹੋਇਆ ਹੈ। ਜਿਸ ਨੂੰ ਦੇਖਦਿਆਂ ਅੱਜ ਪੰਜਾਬ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ, ਜਦੋਂ ਕਿ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨ ਮੌਜੂਦਾ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ ਜੇਕਰ ਸਰਕਾਰ ਲੋਕਾਂ ਦੀ ਰੱਖਿਆ ਨਹੀਂ ਕਰ ਸਕਦੀ ਤਾਂ ਉਸ ਨੂੰ ਕੁਰਸੀ ਤੇ ਬੈਠਣ ਦਾ ਕੋਈ ਅਧਿਕਾਰ ਨਹੀਂ ਹੈ। ਸ. ਤੋਤਾ ਨੇ ਬਾਦਲ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਸਰਕਾਰ ਵੱਖ-ਵੱਖ ਪ੍ਰੋਜੈਕਟਾਂ ਦੇ ਨੀਂਹ ਪੱਥਰ ਤਾਂ ਧੜਾ-ਧੜ ਰੱਖ ਰਹੀਂ ਹੈ ਪਰ ਇਹ ਤਾਂ ਸਿਰਫ਼ ਲੋਕਾਂ ਨੂੰ ਗੁਮਰਾਅ ਕਰਨ ਤੱਕ ਹੀ ਸੀਮਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਰਵਾਏ ਜਾ ਰਹੇ ਵਿਕਾਸ ਦਾ ਰੌਲਾ ਤਾਂ ਬਾਦਲ ਸਰਕਾਰ ਆਏ ਦਿਨ ਸਟੇਜ਼ਾਂ ਉਪਰ ਪਾਉਦੀ ਨਹੀਂ ਥੱਕਦੀ ਪਰ ਵਿਕਾਸ ਕਿਸੇ ਪਾਸੇ ਦਿਖਾਈ ਨਹੀਂ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਵਿਕਾਸ ਤਾਂ ਕਾਂਗਰਸ ਸਰਕਾਰ ਸਮੇਂ ਹੋਇਆ ਸੀ। ਉਨ੍ਹਾਂ ਬਰਨਾਲਾ ਨੂੰ ਜ਼ਿਲਾ ਬਣਾਉਦੀ ਚਿਰਾਂ ਤੋਂ ਲਟਕਦੀ ਹੋਈ ਮੰਗ ਨੂੰ ਅਕਾਲੀ ਸਰਕਾਰ ਤਾਂ ਪੂਰੀ ਨਹੀਂ ਕਰਵਾ ਸਕੀ ਜਦੋਂ ਕਿ ਹਲਕਾ ਬਰਨਾਲਾ ਦੇ ਮੌਜੂਦਾ ਵਿਧਾਇਕ ਸ. ਕੇਵਲ ਸਿੰਘ ਢਿੱਲੋਂ ਨੇ ਵਿਧਾਇਕ ਬਣਨ ਤੋਂ ਪਹਿਲਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਲੋਕਾਂ ਵਲੋਂ ਰੱਖੀ ਮੰਗ ਨੂੰ ਪੂਰਾ ਕਰਦਿਆਂ ਬਰਨਾਲਾ ਨੂੰ ਜ਼ਿਲਾ ਬਣਾ ਦਿੱਤਾ ਸੀ ਇਸ ਤੋਂ ਇਲਾਵਾ ਹੋਰ ਵੀ ਅਨੇਕਾ ਕੰਮ ਅਜਿਹੇ ਕਰਵਾਏ ਹਨ ਜੋ ਅਕਾਲੀ ਨਹੀਂ ਕਰਵਾ ਸਕੇ। ਉਨ੍ਹਾਂ ਕਿਹਾ ਕਿ ਅਕਾਲੀ ਨੂੰ ਤਾਂ ਸਿਰਫ਼ ਇਕ ਕੰਮ ਆਉਦਾ ਹੈ ਕਿ ਕਾਂਗਰਸੀਆਂ ਦੇਣਾ ਪਰ ਇਹ ਅਕਾਲੀਆਂ ਨੂੰ ਆਉਣ ਵਾਲੀ ਕਾਂਗਰਸ ਸਰਕਾਰ ਵਿਚ ਮਹਿੰਗਾ ਪਵੇਗਾ ਅਤੇ ਕਾਂਗਰਸ ਸਰਕਾਰ ਆਉਣ ਤੇ ਅਕਾਲੀਆਂ ਤੋਂ ਇਕ-ਇਕ ਗੱਲ ਦਾ ਹਿਸਾਬ ਲਿਆ ਜਾਵੇਗਾ। ਸ. ਤੋਤਾ ਨੇ ਕਿਹਾ ਕਿ ਅਕਾਲੀ ਸਰਕਾਰ ਨੇ ਹਰ ਵਰਗ ਦਾ ਕਚੂਬਰ ਕੱਢਕੇ ਰੱਖ ਦਿੱਤਾ ਹੈ, ਜਿਸ ਕਾਰਨ ਲੋਕ ਇਸ ਸਰਕਾਰ ਤੋਂ ਅੱਕੇ ਪਏ ਹਨ ਅਤੇ ਜਲਦ ਹੀ ਕਾਂਗਰਸ ਸਰਕਾਰ ਅਤੇ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦਾ ਮੁੱਖ ਮੰਤਰੀ

ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਸੂਬਾ ਸਕੱਤਰ ਸ: ਹਰਿੰਦਰਦਾਸ ਤੋਤਾ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ। ਤਸਵੀਰ: ਦਰਸ਼ਨ ਬੰਗੜ

ਸਟੇਟ ਬੈਂਕ ਪਟਿਆਲਾ ਦੀ ਬ੍ਰਾਂਚ ਬੁਢਲਾਡਾ ਵਿੱਚ ਰੜਕ ਰਹੀ ਹੈ ਮੁਲਾਜ਼ਮਾਂ ਦੀ ਘਾਟ

ਬੁਢਲਾਡਾ, 6 ਮਾਰਚ (ਦਵਿੰਦਰ ਸਿੰਘ ਕੋਹਲੀ)- ਸਟੇਟ ਬੈਂਕ ਆਫ਼ ਪਟਿਆਲਾ ਦੀਆਂ ਲੋਕਾਂ ਤੱਕ ਪਹੁੰਚਣ ਵਾਲੀਆਂ ਸੇਵਾਵਾਂ ਦੀ ਉਸ ਸਮੇਂ ਫੂਕ ਨਿਕਲੀ ਦੇਖੀ ਗਈ ਜਦੋਂ ਸਾਖਾ ਬੁਢਲਾਡਾ ਦੀ ਬ੍ਰਾਂਚ ਵਿੱਚ ਜਾ ਕੇ ਕੈਸ਼ੀਅਰ ਕੈਬਨਾਂ ਅੱਗੇ ਲੋਕਾਂ ਦੀਆਂ ਕਤਾਰਾਂ ਲੱਗੀਆਂ ਦੇਖੀਆਂ ਗਈਆਂ ਕਤਾਰਾਂ ਵਿੱਚ ਖੜੇ ਲੋਕਾਂ ਵਿੱਚੋਂ ਅੱਧ ਤੋਂ ਵੱਧ ਬੁੱਢੀਆਂ ਮਤਾਵਾਂ ਸਨ ਜਿਨ੍ਹਾਂ ਨੂੰ ਆਪਣੀ ਪੈਨਸ਼ਨ ਕਢਵਾਉਣ ਲਈ ਕਤਾਰਾਂ ਵਿੱਚ ਲੱਗ ਕੇ ਘੰਟਿਆਂ ਬੱਧੀ ਖੜਨਾ ਪਿਆ। ਲੋਕਾਂ ਨਾਲ ਸੰਪਰਕ ਕਰਨ 'ਤੇ ਪਤਾ ਲੱਗਾ ਕਿ ਇਸ ਬੈਂਕ ਅੰਦਰ ਹਰ ਰੋਜ਼ ਲੋਕਾਂ ਦੀਆਂ ਕਤਾਰਾਂ ਇਸੇ ਤਰ੍ਹਾਂ ਹੀ ਲੱਗੀਆਂ ਰਹਿੰਦੀਆਂ ਹਨ। ਬੇਸ਼ੱਕ ਬੈਂਕ ਦੇ ਸਟਾਫ਼ ਵਲੋਂ ਕੈਸ਼ੀਅਰ ਕੈਬਿਨ ਵੱਖ-ਵੱਖ ਤਿੰਨ ਭਾਗਾਂ ਵਿੱਚ ਬਣਾਏ ਗਏ ਹਨ ਪਰ ਇਨ੍ਹਾਂ ਉਪਰ ਰੱਸ਼ ਬਹੁਤ ਜਿਆਦਾ ਰਹਿੰਦਾ ਹੈ ਇਸ ਸਮੱਸਿਆ ਸਬੰਧੀ ਜਦੋਂ ਸ਼ਾਖਾ ਦੇ ਮੈਨੇਜਰ ਐਸ. ਪੀ. ਗਰਗ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਬੈਂਕ ਅੰਦਰ ਵਰਕ ਲੋਡ ਬਹੁਤ ਜਿਆਦਾ ਹੈ ਤੇ ਇੱਥੇ ਕੁਲ 13 ਪੋਸਟਾਂ ਕਲੈਰੀਕਲ ਸਟਾਫ਼ ਦੀਆਂ ਹਨ ਜਿਨ੍ਹਾਂ 'ਚੋਂ 6 ਪੋਸਟ 'ਤੇ ਹੀ ਕਰਮਚਾਰੀ ਕੰਮ ਕਰ ਰਹੇ ਹਨ ਤੇ 7 ਪੋਸਟਾਂ ਖਾਲੀ ਹਨ ਜਿਸ ਕਰਕੇ 13 ਕਰਮਚਾਰੀਆਂ ਦਾ ਕੰਮ 6 ਕਰਮਚਾਰੀ ਹੀ ਸੰਭਾਲ ਰਹੇ ਹਨ। ਉਨ੍ਹਾਂ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ ਉਪਰੋਕਤ ਕਹੇ ਅਨੁਸਾਰ ਦੱਸਿਆ ਇਸ ਮੌਕੇ ਇੱਕ ਬਜ਼ੁਰਗ ਬਾਬੇ ਨੂੰ ਇਹ ਦੋਸ਼ ਲਾਉਂਦਿਆਂ ਦੇਖਿਆ ਗਿਆ ਕੇ ਉਸ ਨੂੰ ਤਿੰਨ ਦਿਨਾਂ ਤੋਂ ਬੈਂਕ 'ਚੋਂ ਬਿਨਾ ਪੈਨਸ਼ਨ ਕਢਵਾਏ ਵਾਪਿਸ ਪਰਤਣਾ ਪੈ ਰਿਹਾ ਹੈ।

• ਕੈਸ਼ੀਅਰ ਕੈਬਨਾਂ ਅੱਗੇ ਲੋਕਾਂ ਦੀਆਂ ਕਤਾਰਾਂ ਲੱਗੀਆਂ
• 13 ਪੋਸਟਾਂ 'ਚੋਂ 7 ਪੋਸਟਾਂ ਖਾਲੀ

ਰਾਈਆਂ 'ਚ ਵਿਕਾਸ ਕਾਰਜਾਂ ਲਈ ਚੈਕ ਵੰਡਣ ਦੀ ਝਲਕ। ਤਸਵੀਰ: ਗੁਰਨਾਮ ਕੁਹਾੜਾ

ਢਿੱਲੋਂ ਨੇ ਸੱਤ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਵੰਡੇ

ਕੁਹਾੜਾ, 6 ਮਾਰਚ (ਗੁਰਨਾਮ) ਪੰਜਾਬ ਐਗਰੋ ਇੰਡਸਟਰੀਜ ਦੇ ਚੇਅਰਮੈਨ ਸ: ਸ਼ਰਨਜੀਤ ਸਿੰਘ ਢਿੱਲੋ ਨੇ ਸੱਤ ਪਿੰਡਾਂ ਦੇ ਵਿਕਾਸ ਕਾਰਜਾਂ ਲਈ 14.5 ਲੱਖ ਰੁਪਏ ਦੇ ਚੈਕ ਵੰਡੇ। ਜਿਨ੍ਹਾਂ 'ਚ ਕਟਾਣੀ ਕਲਾਂ ਨੂੰ 3 ਲੱਖ ਰੁਪਏ, ਕੋਟ ਗੰਗੂ ਰਾਏ ਨੂੰ 2.5 ਲੱਖ ਰੁਪਏ, ਲਾਟੋ ਜੋਗਾ ਨੂੰ 1.5 ਲੱਖ ਰੁਪਏ, ਉਪਲਾਂ ਨੂੰ 1.5 ਰੁਪਏ, ਸੰਘੇ ਪਿੰਡ ਨੂੰ 2 ਲੱਖ ਰੁਪਏ, ਪ੍ਰਤਾਪਗੜ੍ਹ ਨੂੰ 1.5 ਲੱਖ ਰੁਪਏ ਤੇ ਪਿੰਡ ਰਾਈਆਂ ਨੂੰ 2 ਲੱਖ ਰੁਪਏ ਦੇ ਚੈਕ ਭੇਂਟ ਕੀਤੇ। ਇਸ ਮੌਕੇ ਸ੍ਰੀ ਢਿੱਲੋ ਨੇ ਰਾਈਆਂ ਵਾਸੀਆਂ ਨੂੰ ਵਿਸਵਾਸ ਦਵਾਇਆ ਕਿ ਉਹ ਭੈਣੀ ਸਾਹਿਬ ਵਿਕਾਸ ਬੋਰਡ 'ਚ ਰਾਈਆਂ ਦਾ ਜੋ ਹਿੱਸਾ ਬਣਦਾ ਹੈ। ਸ: ਪ੍ਰਕਾਸ਼ ਸਿੰਘ ਬਾਦਲ ਨਾਲ ਸਪੰਰਕ ਕਰਕੇ ਦਿਵਾਉਣ ਦੀ ਕੋਸ਼ਿਸ਼ ਕਰਨਗੇ ਉਨ੍ਹਾਂ ਕਿਹਾ ਕਿ ਵੱਧ ਤੋ ਵੱਧ ਪੇਡੂ ਖੇਤਰ ਦਾ ਵਿਕਾਸ ਕਰਕੇ ਸਹਿਰੀ ਸਹੂਲਤਾਂ ਦਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੇਡੂ ਲੋਕਾਂ ਦੀ ਸਹੂਲਤ ਲਈ 300 ਕਾਰਡਾਂ ਪਿੱਛੇ ਇੱਕ ਰਾਸਨ ਦਾ ਡਿਪੂ ਖੋਲ੍ਹਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਰਾਈਆਂ ਦੇ ਦੰਗਾਂ ਪੀੜਤ ਪਰਿਵਾਰਾਂ ਦੇ ਸਮੱਸਿਆ ਦੇ ਹੱਲ ਲਈ ਵਿਸਵਾਸ ਵੀ ਦਿਵਾਇਆ। ਪਿੰਡ ਰਾਈਆਂ ਦਾ ਚੈਕ ਸਰਪੰਚ ਬੀਬੀ ਜਸਬੀਰ ਕੌਰ ਨੂੰ ਭੇਂਟ ਕੀਤਾ। ਪਿੰਡ ਰਾਈਆਂ ਪੁੱਜਣ ਤੇ ਅਕਾਲੀ ਆਗੂ ਜਗੀਰ ਸਿੰਘ ਮਾਨ ਨੇ ਸ: ਸ਼ਰਨਜੀਤ ਸਿੰਘ ਢਿੱਲੋ ਦਾ ਸਵਾਗਤ ਕੀਤਾ। ਇਸ ਮੌਕੇ ਅਜਮੇਰ ਸਿੰਘ ਭਾਗਪੁਰ ਚੇਅਰਮੈਨ ਮਿਲਕ ਪਲਾਂਟ ਲੁਧਿਆਣਾ, ਬਾਬਾ ਜਗਰੂਪ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸਾਹਨੇਵਾਲ, ਸ਼ਰਨਜੀਤ ਸਿੰਘ ਗਰਚਾ, ਭਾਗ ਸਿੰਘ ਮਾਨਗੜ੍ਹ ਦੋਵੇ ਜਿਲ੍ਹਾ ਪ੍ਰੀਸ਼ਦ ਮੈਂਬਰ, ਗੁਰਚਰਨ ਸਿੰਘ ਉਪੱਲ ਬਲਾਕ ਸੰਮਤੀ ਮੈਂਬਰ, ਸਰਪੰਚ ਹਰਿਦਰ ਸਿੰਘ ਛੰਦੜਾਂ, ਸਰਪੰਚ ਹਰਜਿੰਦਰ ਸਿੰਘ ਪੰਜੇਟਾ, ਸਰਪੰਚ ਬਲਵਿੰਦਰ ਸਿੰਘ ਭਮਾਂ ਕਲਾਂ ,ਸਰਪੰਚ ਮਨਜੀਤ ਸਿੰਘ ਰਜੂਲ, ਜਸਬੀਰ ਸਿੰਘ ਤੇ ਮਨਜੀਤ ਸਿੰਘ ਹਾਜਰ ਸਨ।

ਆਈ.ਟੀ.ਆਈ. 'ਚ ਸੱਭਿਆਚਾਰਕ ਵਿਰਸਾ ਪ੍ਰੋਗਰਾਮ ਆਯੋਜਿਤ

ਖਨੌਰੀ, 6 ਮਾਰਚ (ਜੋਗਿੰਦਰ ਸਿੰਘ ਚੋਪੜਾ)-ਗਿਆਨ ਸਾਗਰ ਆਈ. ਟੀ. ਆਈ. ਬਨਾਰਸੀ (ਖਨੌਰੀ) ਵਿਖੇ ਸੱਭਿਆਚਾਰਕ ਵਿਰਸਾ ਕਰਵਾਇਆ ਗਿਆ, ਜਿਸ ਦਾ ਉਦਘਾਟਨ ਬਲਜੀਤ ਸਿੰਘ ਗੁਲਾੜੀ ਪ੍ਰਧਾਨ ਦਸਮੇਸ਼ ਟਰੱਕ ਯੂਨੀਅਨ ਖਨੌਰੀ ਅਤੇ ਚਾਂਦੀ ਰਾਮ ਨੇ ਸਾਂਝੇ ਤੌਰ 'ਤੇ ਕੀਤਾ। ਰੀਬਨ ਕੱਟਣ ਦੀ ਰਸਮ ਸ੍ਰੀ ਸੁਖਵੰਤ ਸਿੰਘ ਸਰਾਓ ਏ.ਡੀ.ਸੀ. ਸੰਗਰੂਰ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਨਾਮ ਖੁਮਾਰੀ ਨਾਨਕਾ ਰਾਹੀਂ ਕੀਤੀ ਗਈ। ਇਸ ਤੋਂ ਬਾਅਦ ਗਿਆਨ ਸਾਗਰ ਆਈ.ਟੀ.ਆਈ. ਬਨਾਰਸੀ, ਸ਼ਹੀਦ ਉਧਮ ਸਿੰਘ ਕਾਲਜ ਮਹਿਲਾਂ ਚੌਕ, ਮਾਲਵਾ ਆਰਟ ਅਤੇ ਕਰਾਫਟ ਕਾਲਜ ਸੰਗਰੂਰ ਅਤੇ ਅਕਾਲ ਸਹਾਇ ਅਕੈਡਮੀ ਭੁਟਾਲ ਕਲਾਂ ਦੇ ਬੱਚਿਆਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਵੱਲੋਂ ਅਜੋਕੇ ਵਿਦਿਆਰਥੀਆਂ ਨੂੰ ਗਲਤ ਕੁਰੀਤੀਆਂ ਛੱਡ ਕੇ ਵਧੀਆ ਢੰਗ ਨਾਲ ਪੜ੍ਹਾਈ ਕਰਨ ਲਈ ਪ੍ਰੇਰਤ ਕੀਤਾ ਅਤੇ ਪਹੁੰਚੇ ਹੋਏ ਖਾਸ ਮਹਿਮਾਨਾਂ ਸ੍ਰੀ ਬਲਜੀਤ ਸਿੰਘ ਗੁਲਾੜੀ ਪ੍ਰਧਾਨ ਟਰੱਕ ਯੂਨੀਅਨ ਖਨੌਰੀ, ਸ੍ਰੀ ਨੋਨੂ ਗਰਗ ਪ੍ਰਧਾਨ ਸ਼ਹਿਰ ਕਾਂਗਰਸ ਖਨੌਰੀ, ਚੌਧਰੀ ਚਾਂਦੀ ਰਾਮ, ਬੰਗਾ, ਸ੍ਰ. ਸੱਤਪਾਲ ਸਿੰਘ ਅਨਦਾਨਾ, ਸ੍ਰ. ਦਿਲਬਾਗ ਸਿੰਘ, ਸੈਂਸੀ ਰਾਮ ਬਨਾਰਸੀ, ਸ੍ਰੀਮਤੀ ਊਸ਼ਾ ਰਾਣੀ ਪ੍ਰਧਾਨ ਆਂਗਣਵਾੜੀ ਵਰਕਰ ਯੂਨੀਅਨ ਪੰਜਾਬ ਤਾਰਾ ਚੰਦ, ਰਮੇਸ਼ ਕੁਮਾਰ, ਭੀਮ ਸਿੰਘ ਪਾਤੜਾਂ ਨੂੰ ਖਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਪੂਰੇ ਪੰਜਾਬ 'ਚੋਂ ਕੋਪਾ ਟਰੇਡ ਵਿੱਚ ਪਹਿਲੇ ਸਥਾਨ 'ਤੇ ਆਈ ਸੁਮਨ ਰਾਣੀ ਨੂੰ ਵੀ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਗਿਆਨ ਸਾਗਰ ਆਈ.ਟੀ.ਆਈ. ਬਨਾਰਸੀ (ਖਨੌਰੀ) ਦੇ ਪ੍ਰਿੰਸੀਪਲ ਸ੍ਰ. ਹਰਦੀਪ ਸਿੰਘ ਸਰਾਓ ਨੇ ਸਾਲਾਨਾ ਰਿਪੋਰਟ ਪੜ੍ਹ ਕੇ ਸੁਣਾਈ। ਆਈ.ਟੀ.ਆਈ. ਬਨਾਰਸੀ ਦੇ ਚੇਅਰਮੈਨ ਤਰਸੇਮ ਪੁਰੀ ਗੋਸਵਾਮੀ ਨੇ ਆਏ ਹੋਏ ਸ੍ਰੀ ਸੁਖਵਤ ਸਿੰਘ ਸਰਾਓਂ ਏ.ਡੀ.ਸੀ. ਅਤੇ ਬਾਹਰੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

ਗੁਰਦਾਸਪੁਰ ਦੇ 64 ਪਿੰਡਾਂ ਵਿੱਚ ਪੇਂਡੂ ਜਲ ਸਪਲਾਈ 'ਤੇ 184 ਲੱਖ ਖਰਚੇ ਜਾਣਗੇ

ਗੁਰਦਾਸਪੁਰ, 6 ਮਾਰਚ (ਬੋਪਾਰਾਏ) - ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ ਪ੍ਰੋਜੈਕਟ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ 64 ਪਿੰਡਾਂ ਵਿੱਚ ਪੇਂਡੂ ਜਲ ਸਪਲਾਈ ਸਕੀਮਾਂ ਦੀ ਉਸਾਰੀ ਉਪੱਰ ਅਗਲੇ ਵਿੱਤੀ ਸਾਲ ਦੌਰਾਨ 1813.71 ਲੱਖ ਰੁਪਏ ਖਰਚ ਕੀਤੇ ਜਾਣਗੇ । ਇਹ ਪ੍ਰਗਟਾਵਾਂ ਸ. ਤਰਲੋਕ ਸਿੰਘ ਬਾਠ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਗੁਰਦਾਸਪੁਰ ਨੇ ਅੱਜ ਜ਼ਿਲ੍ਹਾ ਪੱਧਰੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਸਮੇਂ ਸੰਬੋਧਨ ਕਰਦਿਆਂ ਕੀਤਾ ।ਉਨ੍ਹਾਂ ਅੱਗੇ ਦੱਸਿਆ ਕਿ ਇਸ ਪ੍ਰੋਜੈਕਟ ਅਧੀਨ 134 ਨਵੇਂ ਪਿੰਡਾਂ ਨੂੰ ਵੱਖ ਵੱਖ ਵਿਧਾਨ ਸਭਾ ਹਲਕਿਆ ਵਿੱਚ ਸਬੰਧਤ ਹਲਕਿਆਂ ਦੇ ਵਿਧਾਇਕਾਂ ਦੀ ਸਹਿਮਤੀ ਨਾਲ ਚੋਣ ਕਰਕੇ ਜ਼ਿਲ੍ਹਾ ਕਮੇਟੀ ਵੱਲੋਂ ਉਨ੍ਹਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ । ਸ. ਬਾਠ ਨੇ ਅੱਗੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ 6 ਪਾਇਲਟ ਬੈਚ ਦੇ 6 ਪਿੰਡਾਂ ਕਲਾਨੌਰ, ਹਰਦਰਵਾਲ, ਮੁਸਤਫ਼ਾਪੁਰ, ਚਾਵਾ, ਕੋਟ ਮੀਆਂ ਸਾਹਿਬ, ਗੋਤਪੋਖਰ ਦੀਆਂ ਵਾਟਰ ਸਪਲਾਈ ਸਕੀਮਾਂ 258.40 ਲੱਖ ਰੁਪਏ ਖਰਚ ਕੇ ਮੁਕੰਮਲ ਕਰ ਲਈਆ ਗਈਆ ਹਨ ਅਤੇ ਇਸ ਪ੍ਰੋਜੈਕਟਰ ਦੇ ਤਹਿਤ ਬੈਂਚ-1 ਦੇ 31 ਪਿੰਡਾਂ ਵਿਚੋਂ 14 ਪਿੰਡਾਂ ਵਿੱਚ ਕੰਮ ਚਲ ਰਿਹਾ ਹੈ ਜਿਨ੍ਹਾਂ ਉਪੱਰ ਹੁਣ ਤੱਕ 119.02 ਰੁਪਏ ਖਰਚ ਕੀਤੇ ਜਾ ਚੁੱਕੇ ਹਨ । ਚਾਵਾ ਪਿੰਡ ਵਿੱਚ ਸੀਵਰੇਜ ਸਹੂਲਤਾ ਮੁਹੱਈਆ ਕਰਵਾਉਣ ਲਈ ਹੁਣ ਤੱਕ 74.83 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ । ਸ. ਬਾਠ ਨੇ ਪੇਂਡੂ ਵਸੋਂ ਨੂੰ ਅਪੀਲ ਕੀਤੀ ਕਿ ਉਹ ਹਰੇਕ ਪਿੰਡ ਵਿੱਚ ਪੇਂਡੂ ਜਲ ਸਪਲਾਈ ਸਕੀਮ ਸ਼ੁਰੂ ਕਰਵਾਉਣ ਲਈ ਸਹਿਯੋਗ ਕਰਨ । ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆ ਨੂੰ ਅਪੀਲ ਕੀਤੀ ਉਹ ਲੋਕਾਂ ਵਿੱਚ ਸ਼ੁੱਧ ਪਾਣੀ ਦੀ ਵਰਤੋਂ ਅਤੇ ਉਸ ਦੀ ਸਾਭ ਸੰਭਾਲ ਲਈ ਜਾਗਰੂਕਤਾ ਪੈਦਾ ਕਰਨ ਲਈ ਵਿਭਾਗ ਵਲੋਂ ਚਲਾਈ ਗਈ ਮੁਹਿੰਮ ਤਹਿਤ ਹੋਰ ਤੇਜ਼ੀ ਲਿਆ ਕੇ ਹੇਠਲੇ ਪੱਧਰ ਤੱਕ ਲੋਕਾਂ ਨੂੰ ਜਾਗਰੂਕ ਕਰਨ । ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾਂ ਸ੍ਰੀਮਤੀ ਅਨੀਤਾ ਪਠਾਨੀਆ ਵਾਈਸ ਚੇਅਰਪਰਸ਼ਨ, ਸ੍ਰੀ ਸਤੀਸ਼ ਚੰਦਰ ਵਿਸ਼ਸਟ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਸ੍ਰੀ ਰਣਬੀਰ ਸਿੰਘ ਮੁਧਲ ਸੈਕਟਰੀ ਜ਼ਿਲ੍ਹਾ ਪ੍ਰੀਸ਼ਦ, ਇੰਜੀ: ਸੋਮਾ ਚੂਬੰਰ, ਐਕਸੀਅਨ ਪੀ.ਐਸ. ਰਕਵਾਲ, ਐਸ.ਡੀ.ਓ. ਕੰਵਰਜੀਤ ਰੱਤੜਾ, ਸ੍ਰੀ ਗੁਰਮੀਤ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ(ਸ), ਸ੍ਰੀ ਕਰਮਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ(ਪ੍ਰਾਇਮਰੀ) ਵੀ ਹਾਜ਼ਰ ਸਨ ।

ਸ. ਤਰਲੋਕ ਸਿੰਘ ਬਾਠ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਗੁਰਦਾਸਪੁਰ ਜ਼ਿਲ੍ਹਾ ਪੱਧਰੀ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ।

ਵਿਕਲਾਂਗ ਵਿਅਕਤੀਆਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ-ਯਾਦਵ

ਫ਼ਿਰੋਜ਼ਪੁਰ, 6 ਮਾਰਚ (ਜੀ. ਐਸ. ਕਾਲੜਾ)- ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਸਾਲ 2009-10 ਵਾਸਤੇ ਵਿਕਲਾਂਗ ਵਿਅਕਤੀਆਂ ਨੂੰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਜਾਣਾ ਹੈ। ਇਹ ਜਾਣਕਾਰੀ ਸ੍ਰੀ ਕਮਲ ਕਿਸ਼ੋਰ ਯਾਦਵ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੇ ਵੇਰਵੇ ਦਿੰਦਿਆਂ ਦੱਸਿਆ ਕਿ ਸਟੇਟ ਅਵਾਰਡ ਵਿਕਲਾਂਗ ਸਪੋਰਟਸ ਮੈਨ/ਸਪੋਰਟਸ ਔਰਤਾਂ ਨੇ ਸਟੇਟ ਜਾਂ ਨੈਸ਼ਨਲ ਲੈਵਲ ਵਿੱਚ ਹਿੱਸਾ ਲਿਆ ਹੋਵੇ। ਦੂਸਰੀ ਕੈਟਾਗਰੀ ਵਿੱਚ ਕਿਸੇ ਵਿਕਲਾਂਗ ਵਿਅਕਤੀ ਨੇ ਸ਼ੋਸ਼ਲ ਸਰਵਿਸ ਵਿੱਚ ਉਤਮ ਯੋਗਦਾਨ ਪਾਇਆ ਹੋਵੇ ਅਤੇ ਤੀਸਰਾ ਕੋਈ ਸੰਸਥਾ, ਜਿਸ ਨੇ ਅੰਗਹੀਣਾਂ ਵਾਸਤੇ ਸ਼ਲਾਘਾਯੋਗ ਉਪਰਾਲੇ ਕੀਤੇ ਹੋਣ। ਉਨ੍ਹਾਂ ਅਪੀਲ ਕੀਤੀ ਕਿ ਸਟੇਟ ਅਵਾਰਡ ਕਲੇਮ ਕਰਨ ਲਈ ਉਹ ਲੋੜੀਂਦਾ ਫਾਰਮ ਜਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਫ਼ਿਰੋਜ਼ਪੁਰ ਤੋਂ ਲੈ ਸਕਦੇ ਹਨ। ਮੁਕੰਮਲ ਫਾਰਮ ਸਮੇਤ ਸਬੂਤ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਫ਼ਿਰੋਜ਼ਪੁਰ ਨੂੰ ਮਿਤੀ 10-03-2010 ਤੱਕ ਜਮ੍ਹਾਂ ਕਰਵਾਉਣ।

ਹਲਕਾ ਗੜ੍ਹਸ਼ੰਕਰ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਸੇਵਾ ਕੀਤੀ

ਅੰਮ੍ਰਿਤਸਰ, 6 ਮਾਰਚ (ਮੋਤਾ ਸਿੰਘ)- ਸ੍ਰ. ਮਹਿੰਦਰਪਾਲ ਸਿੰਘ ਹਲਕਾ ਇੰਚਾਰਜ ਦੀ ਅਗਵਾਈ ਵਿੱਚ ਹਲਕਾ ਗੜ੍ਹਸ਼ੰਕਰ ਦੀਆਂ ਸੰਗਤਾਂ ਨੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਆਪਣੇ ਘਰਾਂ ਤੋਂ ਯਥਾ-ਸ਼ਕਤ ਰਸਦਾਂ ਤੋਂ ਇਲਾਵਾ ਦੁੱਧ ਤੇ ਸਬਜ਼ੀਆਂ ਵੀ ਭੇਟ ਕੀਤੀਆਂ ਅਤੇ ਲੰਗਰ ਤਿਆਰ ਕਰਨ, ਵਰਤਾਉਣ ਤੇ ਬਰਤਨ ਸਾਫ ਕਰਨ ਦੀ ਸੇਵਾ ਕੀਤੀ। ਇਸ ਮੌਕੇ ਸ੍ਰ. ਮਹਿੰਦਰਪਾਲ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਹਲਕਾ ਗੜ੍ਹਸ਼ੰਕਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਹੱਥੀਂ ਸੇਵਾ ਕਰਕੇ ਰੂਹਾਨੀ ਆਨੰਦ ਮਾਣਿਆ ਹੈ। ਉਨ੍ਹਾਂ ਕਿਹਾ ਕਿ ਸਰਦਾਰਨੀ ਸੁਰਿੰਦਰ ਕੌਰ ਬਾਦਲ ਦੀ ਪ੍ਰੇਰਨਾ ਨਾਲ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਸੇਵਾ ਪ੍ਰਤੀ ਸੰਗਤਾਂ ਵਿੱਚ ਵੱਡਾ ਉਤਸ਼ਾਹ ਬਣਿਆ ਹੈ ਅਤੇ ਉਹ ਮਾਈ ਭਾਈ ਜੋ ਆਪਣੇ ਪਰਿਵਾਰਕ ਰੁਝੇਵਿਆਂ ਕਾਰਨ ਇਕੱਲਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਨਹੀਂ ਸੀ ਆ ਸਕਦੇ, ਸੇਵਾ ਦੀ ਇਸ ਪ੍ਰੇਰਨਾ ਨਾਲ ਉਨ੍ਹਾਂ ਨੂੰ ਸੰਗਤੀ ਰੂਪ ਵਿੱਚ ਅੰਮ੍ਰਿਤਸਰ ਪੁੱਜ ਕੇ ਲੰਗਰ 'ਚ ਹੱਥੀਂ ਸੇਵਾ ਕਰਨ ਦੇ ਨਾਲ-ਨਾਲ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਨਸ਼ਾਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਨਾਲ ਸ੍ਰ. ਚੂਹੜ ਸਿੰਘ ਧਮਾਈ, ਸ੍ਰ.ਬਲਦੇਵ ਸਿੰਘ ਰਾਜ ਖੇਪੜਾ, ਸ੍ਰ. ਰਾਜਿੰਦਰ ਸਿੰਘ ਸਲੂਕਾ, ਸ੍ਰ. ਇੰਦਰਪਾਲ ਸਿੰਘ ਸਰਪੰਚ, ਸ੍ਰ. ਜੋਗਾ ਸਿੰਘ, ਡਾ. ਕਰਮਜੀਤ ਸਿੰਘ, ਸ੍ਰ. ਨਰਿੰਦਰ ਸਿੰਘ, ਸ੍ਰ. ਮਨਜੀਤ ਸਿੰਘ, ਸ੍ਰ. ਕਰਨੈਲ ਸਿੰਘ ਸ੍ਰ. ਜਸਕਰਨ ਸਿੰਘ, ਸ੍ਰ. ਬਗੀਚਾ ਸਿੰਘ, ਸ੍ਰ. ਅਮਰੀਕ ਸਿੰਘ, ਤੋਂ ਇਲਾਵਾ ਭਾਰੀ ਗਿਣਤੀ ਵਿੱਚ ਹਲਕਾ ਗੜ੍ਹਸ਼ੰਕਰ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿੱਚ ਸੇਵਾ ਕੀਤੀ।

ਸੰਗਤਾਂ ਨੇ ਲੰਗਰ ਵਿੱਚ ਹੱਥੀਂ ਸੇਵਾ ਕਰਕੇ ਰੂਹਾਨੀ ਆਨੰਦ ਮਾਣਿਆ

ਵਿਜੈ ਢਿੱਲਵਾਂ ਦੇ ਕਾਤਲਾਂ ਖਿਲਾਫ਼ ਅਨੁਸੂਚਿਤ ਜਾਤੀ ਜਨਜਾਤੀ ਐਕਟ ਵੀ ਲਾਗੂ

ਜਲੰਧਰ, 6 ਮਾਰਚ (ਮਨਜੀਤ ਸਿੰਘ ਮਨੀ) ਦੇਰ ਆਏ ਦਰੁਸਤ ਆਏ ਅਖਾਣ ਦੇ ਮੁਤਾਬਕ ਆਖਰਕਾਰ ਪੰਜਾਬ ਪੁਲਿਸ ਨੇ ਕਾਨੂੰਨ ਨੂੰ ਮਸਤਕ ਹੁੰਦਿਆਂ ਦਲਿਤ ਕੌਮ ਦੇ ਸ਼ਹੀਦ ਵਿਜੈ ਕੁਮਾਰ ਢਿੱਲਵਾਂ ਦੇ ਕਾਤਲਾਂ ਖ਼ਿਲਾਫ਼ ਅਨੁਸੂਚਿਤ ਜਾਤੀ ਜਨਜਾਤੀ (ਅਤਿਆਚਾਰ ਰੋਕਥਾਮ) ਕਾਨੂੰਨ 1989 ਦੀ ਇੱਕ ਧਾਰਾ ਨੂੰ ਲਾਗੂ ਕਰ ਹੀ ਦਿੱਤਾ। ਇਸ ਗੱਲ ਦੀ ਜਾਣਕਾਰੀ ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ ਪੰਜਾਬ ਦੀ ਕਨਵੀਨਰ ਸ੍ਰੀ ਸਤੀਸ਼ ਕੁਮਾਰ ਭਾਰਤੀ ਨੇ ਪ੍ਰੈੱਸ ਨੂੰ ਜਾਰੀ ਬਿਆਨ ਰਾਹੀ ਦਿੱਤੀ। ਉਨ੍ਹਾਂ ਆਖਿਆ ਕਿ ਅੱਜ ਤੋਂ ਸਾਢੇ ਪੰਜ ਮਹੀਨੇ ਪਹਿਲਾਂ 14 ਸਤੰਬਰ 2009 ਨੂੰ ਪੱਤਰ ਨੰ. ਏ (ਜੀ) 535/09 ਰਾਹੀ ਪੰਜਾਬ ਸਟੇਟ ਅਨੁਸੂਚਿਤ ਜਾਤੀ ਦੇ ਚੇਅਰਮੈਨ ਸ. ਨਿਰੰਜਨ ਸਿੰਘ (ਰਿਟਾਇਰਡ) ਆਈ. ਏ. ਐਸ. ਨੇ ਪੰਜਾਬ ਪੁਲਿਸ ਮੁੱਖੀ ਨੂੰ ਆਖਿਆ ਸੀ ਕਿ ਢਿੱਲਵਾਂ ਕਾਂਡ ਸਬੰਧੀ ਮਿਤੀ 26 ਮਈ 2009 ਨੂੰ ਦਰਜ ਪਰਚਾ ਨੰ. 126 ਵਿੱਚ ਅਨੁਸੂਚਿਤ ਜਾਤੀ ਜਨਜਾਤੀ (ਅੱਤਿਆਚਾਰ ਰੋਕਥਾਮ) ਕਾਨੂੰਨ 1989 ਦੀ ਧਾਰਾ 3 (2) (ਪੰਜ) ਨੂੰ ਲਾਗੂ ਕਰਨਾ ਚਾਹੀਦਾ ਸੀ। ਪ੍ਰੰਤੂ ਜਿਲਾ ਪੁਲਿਸ ਨੇ ਉਸ ਵਕਤ ਇਸ ਧਾਰਾ ਨੂੰ ਲਾਗੂ ਨਹੀਂ ਕੀਤਾ। ਜਦਕਿ ਡੀ. ਜੀ. ਪੀ. ਪੰਜਾਬ ਪਹਿਲਾਂ ਹੀ ਆਪਣੀਆਂ ਹਦਾਇਤਾਂ ਜਾਰੀ ਕਰ ਚੁੱਕਾ ਹੈ ਕਿ ਢਿੱਲਵਾਂ ਕਾਂਡ ਵਰਗੇ ਕੇਸਾਂ ਵਿੱਚ ਉਕਤ ਕਾਨੂੰਨ ਨੂੰ ਲਾਗੂ ਕੀਤਾ ਜਾਵੇ ਪ੍ਰੰਤੂ ਜ਼ਿਲ੍ਹਾ ਪੁਲਿਸ ਨੇ ਇਸ ਕੇਸ ਵਿੱਚ ਪੰਜਾਬ ਪੁਲਿਸ ਮੁਖੀ ਦੀਆਂ ਹਦਾਇਤਾਂ ਦੀ ਵੀ ਅਣਦੇਖੀ ਕੀਤੀ। ਇਸ ਕਰਕੇ ਅਨੁਸੂਚਿਤ ਜਾਤੀ ਜਨ ਜਾਤੀ ਕਾਨੂੰਨ 1989 ਨੂੰ ਲਾਗੂ ਕਰਕੇ 15 ਦਿਨਾਂ ਵਿੱਚ ਰਿਪੋਰਟ ਕਮਿਸ਼ਨ ਨੂੰ ਭੇਜੀ ਜਾਵੇ। ਸ੍ਰੀ ਸਤੀਸ਼ ਭਾਰਤੀ ਨੇ ਅੱਗੇ ਆਖਿਆ ਬੇਸ਼ੱਕ ਪੰਜਾਬ ਪੁਲਿਸ ਪੰਜ ਮਹੀਨੇ ਬਾਦਲ ਸਰਕਾਰ ਦੀ ਸ਼ਹਿ 'ਤੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੀਆਂ ਰਹੀ, ਪ੍ਰੰਤੂ ਆਖਿਰਕਾਰ ਕਾਨੂੰਨ ਮੋਹਰੇ ਝੁਕਦਿਆਂ 25 ਫਰਵਰੀ 2010 ਨੂੰ ਪਰਚਾ ਨੰਬਰ 126 ਵਿੱਚ ਵਾਧਾ ਕਰਦਿਆਂ ਅਨੁਸੂਚਿਤ ਜਾਤੀ ਜਨਜਾਤੀ (ਅੱਤਿਆਚਾਰ ਰੋਕਥਾਮ) ਕਾਨੂੰਨ 1989 ਤਹਿਤ ਲਾਗੂ ਕਰ ਹੀ ਦਿੱਤਾ। ਜੋ ਕਿ ਕਾਨੂੰਨ ਦੀ ਢਿੱਲਵਾਂ ਕਾਂਡ ਸਬੰਧੀ ਪਹਿਲੀ ਜਿੱਤ ਹੈ। ਇਸ ਮੌਕੇ ਸ੍ਰੀ ਸਤੀਸ਼ ਭਾਰਤੀ ਨਾਲ ਸੂਬਾ ਕਮੇਟੀ ਮੈਂਬਰ ਸਤਨਾਮ ਸੰਧੂ, ਸ਼ਹੀਦ ਵਿਜੈ ਢਿੱਲਵਾਂ ਦੇ ਪਿਤਾ ਯਸ਼ਪਾਲ ਢਿੱਲਵਾਂ, ਨਾਥਪਾਲ ਢਿੱਲਵਾਂ ਤੇ ਰਾਜ ਕੁਮਾਰ ਢਿੱਲਵਾਂ ਵੀ ਮੌਜੂਦ ਸਨ। ਸ੍ਰੀ ਸਤੀਸ਼ ਭਾਰਤੀ ਨੇ ਅੱਗੇ ਕਿਹਾ ਕਿ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ 'ਤੇ ਏ. ਡੀ. ਜੀ. ਪੀ. (ਕ੍ਰਾਇਮ ਬ੍ਰਾਂਚ) ਨੇ ਜ਼ਿਲ੍ਹਾ ਪੁਲਿਸ ਨੂੰ ਪੱਤਰ ਲਿਖ ਕੇ ਆਖਿਆ ਹੈ ਕਿ ਉਹ ਢਿੱਲਵਾਂ ਕਾਂਡ ਦੀ ਜਾਂਚ ਲਈ ਸਪੈਸ਼ਲ ਜਾਂਚ ਟੀਮ ਬਣਾ ਕੇ ਇਸ ਦੀ ਜਾਂਚ ਰਿਪੋਰਟ ਜਲਦ ਹੀ ਏ. ਡੀ. ਜੀ. ਪੀ. (ਕ੍ਰਾਈਮ ਬ੍ਰਾਂਚ) ਨੂੰ ਭੇਜੇ। ਇਸ ਸਬੰਧੀ ਸਪੈਸ਼ਲ ਜਾਂਚ ਟੀਮ ਦਾ ਗਠਨ ਤਾਂ ਹੋ ਚੁੱਕਾ ਹੈ, ਪ੍ਰੰਤੂ ਹਾਲੇ ਤੱਕ ਜਾਂਚ ਕਾਰਵਾਈ ਸ਼ੁਰੂ ਨਹੀਂ ਹੋਈ। ਸ੍ਰੀ ਸਤੀਸ਼ ਭਾਰਤੀ ਨੇ ਕਿਹਾ ਕਿ ਢਿੱਲਵਾਂ ਕਾਂਡ ਦੀ ਜਾਂਚ ਨੂੰ ਜਲਦ ਪੂਰਾ ਕਰਵਾਉਣ ਲਈ ਕਮਿਸ਼ਨਰ ਪੁਲਿਸ ਜਲੰਧਰ ਨੂੰ ਮਿਲਿਆ ਜਾਏਗਾ ਤਾਂ ਜੋ ਦਲਿਤ ਕੌਮ ਦੇ ਸ਼ਹੀਦ ਵਿਜੈ ਢਿੱਲਵਾਂ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾ ਕੇ ਦਲਿਤਾਂ ਨੂੰ ਇਨਸਾਫ ਦਿਵਾਇਆ ਜਾ ਸਕੇ।

ਖ਼ੂਨਦਾਨ ਕੈਂਪ ਵਿੱਚ 60 ਵਿਅਕਤੀਆਂ ਵੱਲੋਂ ਖ਼ੂਨਦਾਨ

ਪਾਤੜਾਂ, 6 ਮਾਰਚ (ਪ.ਪ.)-ਪਾਤੜਾਂ ਦੀ ਮੋਹਰੀ ਸਮਾਜ ਸੇਵਾ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਪਾਤੜਾਂ ਵੱਲੋਂ ਚੌਥਾ ਵਿਸ਼ਾਲ ਖ਼ੂਨਦਾਨ ਕੈਂਪ ਦੁਰਗਾ ਦਲ ਹਸਪਤਾਲ ਵਿਖੇ ਭਾਰਤੀ ਸਟੇਟ ਬੈਂਕ ਪਾਤੜਾਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਵਿੱਚ 60 ਖ਼ੂਨਦਾਨੀਆਂ ਨੇ ਆਪਣਾ ਖ਼ੂਨਦਾਨ ਕੀਤਾ। ਕੈਂਪ ਦਾ ਉਦਘਾਟਨ ਸ੍ਰ. ਤਜਿੰਦਰ ਸਿੰਘ ਧਾਲੀਵਾਲ ਐੱਸ.ਡੀ.ਐੱਮ. ਸਾਹਿਬ ਪਾਤੜਾਂ ਨੇ ਜੋਤੀ ਜਗ੍ਹਾ ਕੇ ਕੀਤਾ।

ਇਸ ਮੌਕੇ ਬੋਲਦਿਆਂ ਸ੍ਰ. ਧਾਲੀਵਾਲ ਨੇ ਕਿਹਾ ਕਿ ਖ਼ੂਨਦਾਨ ਵਿੱਚ ਪਟਿਆਲਾ ਜ਼ਿਲ੍ਹਾ ਪੰਜਾਬ ਵਿੱਚੋਂ ਮੋਹਰੀ ਜ਼ਿਲ੍ਹਾ ਬਣ ਗਿਆ ਹੈ ਅਤੇ ਇਸ ਜ਼ਿਲ੍ਹੇ ਵਿੱਚ ਪਾਤੜਾਂ ਪਹਿਲੇ ਨੰਬਰ 'ਤੇ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਇਸ ਖੇਤਰ ਵਿੱਚ ਆਪਣਾ ਅਹਿਮ ਯੋਗਦਾਨ ਅਦਾ ਕਰ ਰਹੀ ਹੈ। ਸੰਸਥਾ ਦੇ ਪ੍ਰਧਾਨ ਵਿਨੋਦ ਗੋਇਲ ਨੇ ਖ਼ੂਨਦਾਨੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਸਦਕਾ ਹੀ ਲੋੜਵੰਦਾਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਵਿਨੋਦ ਗੋਇਲ ਨੇ ਇਸ ਕੰਮ ਲਈ ਔਰਤਾਂ ਅਤੇ ਲੜਕੀਆਂ ਨੂੰ ਵੀ ਅੱਗੇ ਆਉਣ ਦੀ ਅਪੀਲ ਕੀਤੀ। ਬਲੱਡ ਬੈਂਕ ਰਾਜਿੰਦਰਾ ਪਟਿਆਲਾ ਤੋਂ ਆਏ ਸੁਖਵਿੰਦਰ ਸਿੰਘ ਨੇ ਕਿਹਾ ਕਿ ਖੂਨ ਦੀ ਮੰਗ ਅਤੇ ਪੂਰਤੀ ਵਿੱਚ ਬਹੁਤ ਵੱਡਾ ਅੰਤਰ ਹੈ, ਜਿਸ ਨੂੰ ਸਵੈਇੱਛਕ ਖ਼ੂਨਦਾਨੀ ਆਪਣਾ ਖ਼ੂਨ ਦੇ ਕੇ ਹੀ ਪੂਰਾ ਕਰ ਸਕਦੇ ਹਨ। ਇਸ ਮੌਕੇ ਉਨ੍ਹਾਂ ਨੇ ਪ੍ਰੀਸ਼ਦ ਦਾ ਵਿਸ਼ੇਸ਼ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਸੰਸਥਾ ਵੱਲੋਂ ਪਹਿਲਾਂ ਵੀ ਕੈਂਪ ਲਗਾ ਕੇ ਭਾਰੀ ਗਿਣਤੀ ਵਿੱਚ ਖ਼ੂਨ ਜਮ੍ਹਾਂ ਕਰਵਾਇਆ ਗਿਆ ਹੈ।

ਕੈਂਪ ਨੂੰ ਸਫਲ ਬਣਾਉਣ ਵਿੱਚ ਸੰਜੇ ਗਰਗ ਅਤੇ ਹਰਜਿੰਦਰ ਬਿੱਟਾ ਦਾ ਬਹੁਤ ਜ਼ਿਆਦਾ ਸਹਿਯੋਗ ਰਿਹਾ ਹੈ। ਕੈਂਪ ਵਿੱਚ ਘੱਗਾ ਬਰਾਂਚ ਦੇ ਪ੍ਰਧਾਨ ਬਿਹਾਰੀ ਲਾਲ ਜਿੰਦਲ, ਪ੍ਰੇਮ ਚੰਦ, ਮਨੀਸ਼ ਕੁਮਾਰ ਅਤੇ ਸ਼ੀਸ਼ਪਾਲ ਘੱਗਾ ਨੇ ਵੀ ਖ਼ੂਨਦਾਨ ਕੀਤਾ। ਇਸ ਮੌਕੇ ਡਾ. ਮਨੀਸ਼ ਗੰਭੀਰ, ਹਰਦੀਪ ਸਿੰਘ ਸੋਹਲ, ਕ੍ਰਿਸ਼ਨ ਗੋਪਾਲ, ਗਣੇਸ਼ਾ ਰਾਮ, ਲਖਵਿੰਦਰ ਸਿੰਘ, ਡਾ. ਜੁਗਲ ਕਿਸ਼ੋਰ, ਸੁਭਾਸ਼ ਗੋਇਲ, ਡੀ.ਪੀ. ਸਿੰਗਲਾ, ਰਣਜੀਤ ਬਿੱਲਾ, ਸਤਨਾਮ ਸਿੰਘ, ਤਰਸੇਮ ਡਿਸਕੋ, ਸੁਸ਼ੀਲ ਬਾਂਸਲ, ਸਵੀਨ ਸਿੰਗਲਾ, ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।

ਪਿੰਡ ਬੁਰਜ ਭਲਾਈ ਵਿਖੇ ਪਿੰਡ ਦੇ ਵਿਚਕਾਰ ਬਣੇ ਠੇਕੇ ਦਾ ਪਿੰਡ ਵਾਸੀਆਂ ਵਲੋਂ ਵਿਰੋਧ

ਝੁਨੀਰ, 6 ਮਾਰਚ (ਗੁਰਵਿੰਦਰ ਭੋਲਾ)- ਇੱਥੋਂ ਨੇੜਲੇ ਪਿੰਡ ਬੁਰਜ ਭਲਾਈਕੇ ਵਿਖੇ ਠੇਕਾ ਸ਼ਰਾਬ ਦੇਸੀ ਪਿੰਡ ਦੇ ਬਿਲਕੁਲ ਵਿਚਕਾਰ ਤੇ ਗੈਰ-ਕਾਨੂੰਨੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਜਦੋਂ ਕਿ ਇਸ ਠੇਕੇ ਦਾ ਕਾਗਜ਼ਾਤੀ ਕਾਰਵਾਈ ਵਿੱਚ ਕਿਤੇ ਵੀ ਜਿਕਰ ਨਹੀਂ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਠੇਕਾ ਪਿੰਡ ਤੋਂ ਬਾਹਰ ਹੋਣਾ ਚਾਹੀਦਾ ਹੈ। ਇੱਥੇ ਹੀ ਬੱਸ ਨਹੀਂ ਸ਼ਰਾਬ ਦੇ ਠੇਕੇ ਦੇ ਬਿਲਕੁਲ ਸਾਹਮਣੇ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਗੁਰਦੁਆਰਾ ਸਾਹਿਬ ਵੀ ਹੈ। ਪੱਤਰਕਾਰਾਂ ਦੀ ਟੀਮ ਨੇ ਇਸ ਪਿੰਡ ਦੇ ਕਈ ਮੋਹਤਬਾਰ ਆਗੂਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਪਿੰਡ ਵਿਚਕਾਰ ਠੇਕਾ ਬਿਲਕੁਲ ਗਲਤ ਗੱਲ ਹੈ। ਸਕੂਲੀ ਬੱਚਿਆਂ ਦੀ ਮਾਨਸਿਕਤਾ 'ਤੇ ਇਸ ਦਾ ਬੁਰਾ ਪ੍ਰਭਾਵ ਪੈਂਦਾ ਹੈ। ਠੇਕੇ ਦੇ ਬਿਲਕੁਲ ਸਾਹਮਣੇ ਸਕੂਲ ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਹੈ। ਸਾਬਕਾ ਸਰਪੰਚ ਅਰਜਣ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਸ਼ਰਾਬ ਦਾ ਠੇਕਾ ਪਿੰਡ ਵਿੱਚ ਹੋਣਾਂ ਸਰਾਸਰ ਗਲਤ ਹੈ। ਉਧਰ ਸਰਕਾਰੀ ਹਾਈ ਸਕੂਲ ਦੇ ਮੁੱਖ ਅਧਿਆਪਕ ਸ. ਗੁਰਮੀਤ ਸਿੰਘ ਬਹਿਣੀਵਾਲ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਇਸ ਸਕੂਲ ਦੇ ਸਾਹਮਣੇ ਬਣੇ ਠੇਕੇ ਦਾ ਵਿਰੋਧ ਕਰਨ ਦੀ ਬਿਜਾਏ ਕਿਹਾ ਕਿ ਇੱਥੇ ਕੋਈ ਠੇਕਾ ਨਹੀਂ ਹੈ ਅਤੇ ਨਾ ਹੀ ਸਾਡੇ ਸਕੂਲ ਦੇ ਵਿਦਿਆਰਥੀਆਂ ਜਾਂ ਸਟਾਫ਼ ਨੂੰ ਇਸ 'ਤੇ ਕੋਈ ਨਰਾਜ਼ਗੀ ਹੈ ਸਕੂਲ ਦੇ ਸਾਹਮਣੇ ਠੇਕੇ ਹੋਣਾ ਕੋਈ ਖਾਸ ਗੱਲ ਨਹੀਂ ਹੈ। ਇਸ ਮੁੱਖ ਅਧਿਆਪਕ ਨੇ ਇਕ ਬੱਚਿਆਂ ਦੇ ਗੁਰੂ ਹੋਣ ਦੇ ਨਾਤੇ ਇਸ ਸਮਾਜਿਕ ਬੁਰਾਈ ਦਾ ਵਿਰੋਧ ਕਰਨ ਦੀ ਬਜਾਏ ਠੇਕੇਦਾਰ ਦਾ ਹੀ ਪੱਖ ਪੂਰਿਆ। ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਸੀਟ ਬਠਿੰਡਾ ਦੀ ਚੋਣ ਨਸ਼ਿਆਂ ਤੋਂ ਰਹਿਤ ਹੋਣ ਅਤੇ ਭਰੂਣ ਹੱਤਿਆ ਵਰਗੇ ਅਹਿਮ ਮੁੱਦਿਆਂ ਨੂੰ ਲੈ ਕੇ ਹੀ ਚੋਣ ਜਿੱਤੀ। ਪ੍ਰੰਤੂ ਅਫਸੋਸ ਕਿ ਸ਼੍ਰੋਮਣੀ ਅਕਾਲੀ ਦਲ ਦੇ ਚਹੇਤੇ ਆਗੂ ਹੀ ਨਸ਼ਿਆਂ ਦੇ ਦਰਿਆ ਵਸਾਈ ਨੌਜਵਾਨ ਪੀੜੀ ਦਾ ਖਾਤਮਾ ਕਰਨ 'ਤੇ ਤੁਲੇ ਹੋਏ ਹਨ। ਉਧਰ ਇਸ ਮਾਮਲੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਮੈਂਬਰ ਜਥੇਦਾਰ ਸੁਰਜੀਤ ਸਿੰਘ ਰਾਏਪੁਰ ਨਾਲ ਫ਼ੋਨ 'ਤੇ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਪਿੰਡ ਵਿਚਕਾਰ ਠੇਕਾ ਹੋਣਾ ਬਿਲਕੁਲ ਗਲਤ ਹੈ, ਜਿਸ ਨਾਲ ਬੱਚਿਆਂ ਦੀ ਮਾਨਸਿਕਤਾ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਜਥੇਦਾਰ ਰਾਏਪੁਰ ਨੇ ਕਿਹਾ ਕਿ ਮੈਂ ਇਸ ਸਮਾਜਿਕ ਬੁਰਾਈ ਦਾ ਦਿਲੋਂ ਵਿਰੋਧ ਕਰਦਾ ਹਾਂ ਇਹ ਠੇਕਾ ਪਿੰਡ ਤੋਂ ਕਿਤੇ ਬਾਰ ਦੂਰ ਹੋਣਾ ਚਾਹੀਦਾ ਹੈ। ਉਕਤ ਪਿੰਡ ਵਾਸੀਆਂ ਦੀ ਪੁਰਜ਼ੋਰ ਮੰਗ ਹੈ ਕਿ ਇਹ ਨਜ਼ਾਇਜ ਰੂਪ 'ਚ ਚੱਲ ਰਿਹਾ ਪਿੰਡ ਵਿੱਚ ਸ਼ਰਾਬ ਦਾ ਠੇਕਾ ਪਿੰਡ ਵਿੱਚੋਂ ਚੁੱਕ ਕੇ ਕਿਤੇ ਬਾਹਰ ਹੋਣਾ ਚਾਹੀਦਾ ਹੈ। ਉਕਤ ਪਿੰਡ ਵਾਸੀਆਂ ਨੇ ਡਿਪਟੀ ਕਮਿਸ਼ਨਰ ਮਾਨਸਾ ਤੋਂ ਮੰਗ ਕੀਤੀ ਹੈ ਕਿ ਇਹ ਸ਼ਰਾਬ ਦਾ ਠੇਕਾ ਪਿੰਡ 'ਚੋਂ ਚੁੱਕਿਆ ਜਾਵੇ ਤਾਂ ਜੋ ਵਿਦਿਆਰਥੀਆਂ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕੋਈ ਠੇਸ ਨਾ ਪਹੁੰਚੇ। ਉਧਰ ਪਿੰਡ ਦੇ ਕੁਝ ਵਿਅਕਤੀਆਂ ਦਾ ਕਹਿਣਾ ਹੈ ਕਿ ਠੇਕੇ ਦੇ ਨਾਲ ਆਟਾ ਪੀਹਣ ਵਾਲੀ ਚੱਕੀ ਵੀ ਹੈ ਜਿਸ 'ਤੇ ਔਰਤਾਂ ਆਮ ਹੀ ਆਟਾ ਪਿਹਾਉਣ ਲਈ ਜਾਂਦੀਆਂ ਹਨ ਤੇ ਇਸ ਠੇਕੇ ਵਿੱਚ ਬੈਠੇ ਸ਼ਰਾਬੀ ਕਈ ਵਾਰ ਔਰਤਾਂ ਨੂੰ ਊਲ-ਜਲੂਲ ਵੀ ਬੋਲ ਜਾਂਦੇ ਹਨ। ਪਿੰਡ ਵਾਸੀਆਂ ਦੀ ਮੰਗ ਹੈ ਕਿ ਇਹ ਠੇਕਾ ਪਿੰਡ ਬਾਹਰ ਹੋਣਾ ਚਾਹੀਦਾ ਹੈ।

ਠੇਕੇ ਦੇ ਸਾਹਮਣੇ ਹੀ ਹੈ ਸਕੂਲ ਤੇ ਗੁਰੂ ਘਰ

ਅਧਿਕਾਰੀ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ-ਗਰੇਵਾਲ

ਮੋਹਾਲੀ, 6 ਮਾਰਚ (ਵੀਨਾ ਰਾਜਪੂਤ) ਲੋਕਤੰਤਰ ਵਿੱਚ ਨਵੇਂ ਨਵੇਂ ਕਾਨੂੰਨ ਬਣਨ ਅਤੇ ਲੋਕਾਂ ਅੱਗੇ ਜਵਾਬ ਦੇਹ ਹੋਣ ਸਬੰਧੀ ਚੱਲ ਰਹੀਆਂ ਪ੍ਰਕ੍ਰਿਆਵਾਂ ਨੂੰ ਮੁੱਖ ਰਖਦੇ ਹੋਏ ਜਿਸ ਨਾਲ ਦਿਨ ਪ੍ਰਤੀ ਦਿਨ ਅਧਿਕਾਰੀਆਂ ਦੀ ਜਿੰਮੇਵਾਰੀ ਵਧਦੀ ਜਾ ਰਹੀਂ ਹੈ, ਇਸ ਲਈ ਅਧਿਕਾਰੀਆਂ ਨੂੰ ਪੂਰੀ ਪਾਰਦਰਸ਼ਤਾਂ, ਤਨਦੇਹੀ ਅਤੇ ਇਮਾਨਦਾਰੀ ਦੇ ਨਾਲ ਨਾਲ ਇੱਕ ਟੀਮ ਵਰਕ ਦੇ ਤੌਰ ਤੇ ਕੰਮ ਕਰਨ ਦੀ ਲੋੜ ਹੈ। ਜਿਹੜੇ ਆਮ ਲੋਕ ਸਰਕਾਰੀ ਦਫਤਰਾਂ ਵਿੱਚ ਕੰਮ ਕਾਜ ਜਾਂ ਆਪਣੀਆਂ ਸ਼ਿਕਾਇਤਾਂ ਲੈ ਕੇ ਆਉਂਦੇ ਹਨ, ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ। ਇਹ ਹਦਾਇਤਾਂ ਸ੍ਰ: ਗੁਰਿੰਦਰ ਸਿੰਘ ਗਰੇਵਾਲ ਕਮਿਸ਼ਨਰ ਪਟਿਆਲਾ ਡਵੀਜਨ ਨੇ ਜ਼ਿਲ੍ਹਾਂ ਪ੍ਰਬੰਧਕੀ ਕੰਪਲੈਕਸ ਐਸ.ਏ.ਐਸ.ਨਗਰ ਵਿਖੇ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਦੇ ਉਚ ਅਧਿਕਾਰੀਆਂ ਦੀ ਸੱਦੀ ਗਈ ਆਪਣੀ ਪਹਿਲੀ ਮੀਟਿੰਗ ਦੌਰਾਨ ਦਿੱਤੀਆ । ਇਸ ਤੋਂ ਪਹਿਲਾ ਸ੍ਰ: ਪ੍ਰਭਜੋਤ ਸਿੰਘ ਮੰਡ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਕਮਿਸ਼ਨਰ ਪਟਿਆਲਾ ਡਵੀਜਨ ਨੂੰ ਜ਼ਿਲ੍ਹੇ ਵਿੱਚ ਪੁੱਜਣ ਤੇ ਜੀ ਆਇਆ ਆਖਿਆ ਅਤੇ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਵੱਲੋਂ ਸਮੇਂ ਸਮੇਂ ਸਿਰ ਦਿੱਤੀਆ ਜਾਣ ਵਾਲੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ ਅਤੇ ਆਮ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸਨ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਸ੍ਰ: ਗਰੇਵਾਲ ਨੇ ਐਸ.ਏ.ਐਸ ਨਗਰ ਦੇ ਪ੍ਰਬੰਧਕੀ ਕੰਪਲੈਕਸ ਵਿਖੇ ਪੁੱਜਣ ਤੇ ਪੰਜਾਬ ਪੁਲਿਸ ਦੀ ਜਵਾਨਾਂ ਦੀ ਟੁਕੜੀ ਤੋਂ ਸਲਾਮੀ ਵੀ ਲਈ। ਸ: ਗਰੇਵਾਲ ਨੇ ਕਿਹਾ ਕਿ ਹਰੇਕ ਵਿਭਾਗੀ ਅਫਸਰਾਂ ਨੂੰ ਵਫਾਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਜੋ ਉਨ੍ਹਾਂ ਨੂੰ ਕਾਨੂੰਨ ਤੌਰ ਤੇ ਸ਼ਕਤੀਆਂ ਮਿਲੀਆਂ ਹਨ, ਉਨ੍ਹਾਂ ਦਾ ਲੋਕ ਹਿੱਤ ਵਿੱਚ ਪ੍ਰਯੋਗ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਇਨਸਾਫ ਦੇਣਾ ਸਭ ਤੋਂ ਮੱਹਤਵਪੂਰਨ ਕਾਰਜ ਸਮਝਣਾ ਚਾਹੀਦਾ ਹੈ। ਉਨ੍ਹਾਂ ਇਸ ਮੌਕੇ ਇਹ ਵੀ ਹਦਾਇਤਾਂ ਕੀਤੀਆਂ ਕਿ ਵਿੱਤੀ ਸਾਲ ਪੂਰਾ ਹੋਣ ਵਾਲਾ ਹੈ ਜੋ ਵੀ ਵਿਭਾਗਾਂ ਦੇ ਟੀਚੇ ਮਿੱਥੇ ਗਏ ਹਨ ਉਨ੍ਹਾਂ ਨੂੰ ਮਿੱਥੇ ਸਮੇਂ ਤੇ ਮੁਕੰਮਲ ਕੀਤਾ ਜਾਵੇ ਅਤੇ ਵਿਕਾਸ ਕਾਰਜਾ ਨੂੰ ਨੇਪਰੇ ਸਮੇਂ ਸਿਰ ਚਾੜ੍ਹ ਕੇ ਵਰਤੋਂ ਸਰਟੀਫਿਕੇਟ ਸਮੇਂ ਸਿਰ ਦਿੱਤੇ ਜਾਣ। ਉਨ੍ਹਾਂ ਹੋਰ ਕਿਹਾ ਕਿ ਜ਼ਿਲੇ ਵਿੱਚ ਚੱਲ ਰਹੀਆਂ ਕੇਂਦਰੀ ਸਪੋਂਸਰਡ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕੀਤਾ ਜਾਵੇ ਅਤੇ ਮਿੱਥੇ ਟੀਚੇ ਮੁਕੰਮਲ ਕੀਤੇ ਜਾਣ। ਉਨ੍ਹਾਂ ਹੋਰ ਕਿਹਾ ਕਿ ਉਹ ਐਸ.ਏ.ਐਸ.ਨਗਰ ਜ਼ਿਲ੍ਹੇ ਪ੍ਰਤੀ ਪੂਰੀ ਤਰ੍ਹਾਂ ਜਾਣਕਾਰੀ ਰੱਖਦੇ ਹਨ ਅਤੇ ਇਸ ਜ਼ਿਲ੍ਹੇ ਪ੍ਰਤੀ ਜਿੰਮੇਵਾਰੀ ਨੂੰ ਦੇਖਦੇ ਹੋਏ ਉਨ੍ਹਾਂ ਵੱਲੋਂ ਅਫਸਰਾਂ ਤੋਂ ਕੰਮ ਕਾਜਾਂ ਸਬੰਧੀ ਰਿਪੋਰਟ ਲਈ ਜਾਇਆ ਕਰੇਗੀ ਜਿਸ ਨੂੰ ਕਿ ਸਰਕਾਰ ਤੱਕ ਪੁੱਜਦਾ ਕੀਤਾ ਜਾਵੇਗਾ ਅਤੇ ਕੰਮ ਕਾਜ ਵਿੱਚ ਢਿੱਲ ਦਿਖਾਉਣ ਵਾਲੇ ਅਫਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਸ੍ਰੀ ਜਸਪਾਲ ਮਿੱਤਲ ਵਧੀਕ ਡਿਪਟੀ ਕਮਿਸ਼ਨਰ, ਕੁਮਾਰੀ ਖੁਸ਼ਬੋ ਗੋਇਲ ਆਈ.ਏ.ਐਸ (ਸਿਖਲਾਈ ਅਧੀਨ), ਸ੍ਰੀਮਤੀ ਨਵਜੋਤ ਕੌਰ ਸਹਾਇਕ ਕਮਿਸ਼ਨਰ (ਸ਼ਿਕਾਇਤਾ), ਸ੍ਰੀ ਆਰ.ਪੀ.ਐਸ. ਵਾਲੀਆ, ਸ੍ਰੀ ਪੁਨੀਤ ਗੋਇਲ, ਸ੍ਰੀ ਰਾਜੀਵ ਗੁਪਤਾ (ਸਮੂਹ ਐਸ.ਡੀ.ਐਮਜ਼), ਸ੍ਰ: ਬਲਬੀਰ ਸਿੰਘ ਢੋਲ ਅਸਟੇਟ ਅਫਸਰ ਗਮਾਡਾ, ਸ੍ਰ: ਕਰਨ ਸਿੰਘ ਜ਼ਿਲ੍ਹਾ ਟਰਾਂਸਪੋਰਟ ਅਫਸਰ, ਸ੍ਰੀ ਸੁਖਵੰਤ ਸਿੰਘ ਗਿੱਲ ਐਸ.ਪੀ. (ਸਿਟੀ), ਸ੍ਰੀ ਰਮੇਸ ਗਰਗ ਜ਼ਿਲ੍ਹਾ ਮਾਲ ਅਫਸਰ , ਸ੍ਰੀਮਤੀ ਅਮ੍ਰਿਤਪਾਲ ਕੌਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ, ਸ੍ਰ: ਗੁਰਮੰਦਰ ਸਿੰਘ ਤਹਿਸੀਲਦਾਰ ਡੇਰਾਬੱਸੀ ਤੋਂ ਇਲਾਵਾ ਹੋਰਨਾ ਵਿਭਾਗਾਂ ਦੇ ਉਚ ਅਧਿਕਾਰੀ ਵੀ ਵੱਡੀ ਗਿਣਤੀ ਵਿਚ ਮੌਜੂਦ ਸਨ।

ਸ: ਗੁਰਿੰਦਰ ਸਿੰਘ ਗਰੇਵਾਲ ਕਮਿਸ਼ਨਰ ਪਟਿਆਲਾ ਡਵੀਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐਸ.ਏ.ਐਸ.ਨਗਰ ਵਿਖੇ ਉੱਚ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨਾਲ ਸ੍ਰ: ਪ੍ਰਭਜੋਤ ਸਿੰਘ ਮੰਡ ਡਿਪਟੀ ਕਮਿਸ਼ਨਰ ਤੋਂ ਇਲਾਵਾ ਹੋਰ ਉੱਚ ਅਧਿਕਾਰੀ ਵੀ ਨਜ਼ਰ ਆ ਰਹੇ ਹਨ।

ਜਾਅਲੀ ਕਰੰਸੀ ਬਰਾਮਦ, ਇੱਕ ਔਰਤ ਸਮੇਤ 3 ਕਾਬੂ

ਸਰਦੂਲਗੜ੍ਹ, 6 ਮਾਰਚ (ਜਗਤਾਰ ਲਾਲਿਆਂ ਵਾਲੀ)- ਥਾਣਾ ਸਰਦੂਲਗੜ੍ਹ ਦੀ ਪੁਲਿਸ ਨੇ 38 ਹਜ਼ਾਰ ਰੁਪਏ ਦੀ ਜਾਅਲੀ ਕਰੰਸੀ ਕਾਬੂ ਕਰਨ ਵਿੱਚ ਕਾਮਯਾਬੂ ਹਾਸਲ ਕੀਤੀ। ਜਾਣਕਾਰੀ ਅਨੁਸਾਰ ਥਾਣਾ ਸਰਦੂਲਗੜ੍ਹ ਦੇ ਐਸ. ਐਚ. ਓ. ਦਰਸ਼ਨ ਸਿੰਘ ਨੇ ਦੱਸਿਆ ਕਿ ਪਿੰਡ ਲੋਹਗੜ੍ਹ ਵਾਸੀ ਰਣਜੀਤ ਕੌਰ ਪਤਨੀ ਸਤਪਾਲ ਸਿੰਘ, ਰਾਜਿੰਦਰ ਸਿੰਘ ਉਰਫ਼ ਸੋਨੂੰ ਪੁੱਤਰ ਮੇਹਰ ਸਿੰਘ ਵਾਸੀ ਰਾਮਪੁਰਾ ਅਤੇ ਕੁਲਦੀਪ ਸਿੰਘ ਬਰਫ਼ ਬਿੱਟੂ ਪੁੱਤਰ ਮਾਲਾ ਸਿੰਘ ਵਾਸੀ ਪੀਰਕੋਟ ਤੋਂ 38 ਹਜ਼ਾਰ ਰੁਪਏ ਦੀ ਜਾਅਲੀ ਨੋਟ ਬਰਾਮਦ ਕਰਕੇ ਥਾਣਾ ਸਰਦੂਲਗੜ੍ਹ ਵਿੱਚ ਮੁਕੱਦਮਾ ਦਰਜ਼ ਕਰਕੇ ਜੇਲ੍ਹ ਭੇਜ ਦਿੱਤਾ।

3 ਕਿੱਲੋ ਪੋਸਤ ਚੂਰਾ ਬਰਾਮਦ

ਹਰੀਕੇ ਪੱਤਣ, 6 ਮਾਰਚ (ਰਵਿੰਦਰ ਸਿੰਘ)-ਜ਼ਿਲ੍ਹਾ ਤਰਨ ਤਾਰਨ ਦੇ ਪੁਲਿਸ ਕਪਤਾਨ ਸ੍ਰੀ ਸੁਖਦੇਵ ਸਿੰਘ ਬਰਾੜ ਵੱਲੋਂ ਨਸ਼ੇ ਦੇ ਸੌਦਾਗਰਾਂ ਵਿਰੁੱਧ ਵਿੱਢੀ ਮੁਹਿੰਮ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਪੁਲਿਸ ਥਾਣਾ ਹਰੀਕੇ ਦੇ ਮੁਖੀ ਸ੍ਰ. ਬਚਿੱਤਰ ਸਿੰਘ ਨੇ ਦੋ ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਸਫਲਤ ਹਾਸਲ ਕੀਤੀ ਹੈ। ਸ੍ਰ. ਬਚਿੱਤਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਸ਼ਾਮ ਸ੍ਰ. ਬਲਵਿੰਦਰ ਸਿੰਘ ਏ.ਐੱਸ.ਆਈ.ਨੇ ਗਸ਼ਤ ਦੌਰਾਨ ਪਾਲ ਸਿੰਘ ਪਾਲੀ ਪੁੱਤਰ ਸੱਜਣ ਸਿੰਘ ਕੌਮ ਜੱਟ ਵਾਸੀ ਚੰਬਾ ਕਲਾਂ ਨੂੰ 8 ਕਿਲੋ ਪੋਸਤ ਚੂਰਾ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਦ ਕਿ ਇਸੇ ਹੀ ਪਿੰਡ ਦੇ ਗੁਰਮੀਤ ਸਿੰਘ ਪੁੱਤਰ ਚਰਨ ਸਿੰਘ ਕੌਮ ਜੱਟ ਵਾਸੀ ਚੰਬਾ ਕਲਾਂ ਨੂੰ ਏ.ਐੱਸ.ਆਈ. ਕਸ਼ਮੀਰ ਸਿੰਘ ਨੇ ਦੌਰਾਨੇ ਗਸ਼ਤ ਦੋਸ਼ੀ ਨੂੰ 5 ਕਿੱਲੋ ਪੋਸਤ ਚੂਰਾ ਸਮੇਤ ਦਬੋਚਣ ਵਿੱਚ ਸਫਲਤਾ ਹਾਸਲ ਕੀਤੀ ਹੈ।

ਡੰਗੋਰੀ ਬਣਨ ਦੀ ਉਮਰੇ ਖ਼ੁੱਦ ਸਹਾਰਾ ਭਾਲਦੇ ਨੇ ਤਿੰਨ ਨੇਤਰਹੀਣ ਭੈਣ ਭਰਾ

ਬੁਢਲਾਡਾ, 6 ਮਾਰਚ (ਦਵਿੰਦਰ ਸਿੰਘ ਕੋਹਲੀ)- ਉਨ੍ਹਾਂ ਦੇ ਚਿਹਰਿਆਂ 'ਤੇ ਜਿੰਨੀ ਸੰਜੀਦਗੀ ਹੈ, ਓਨੇ ਹੀ ਉਹ ਤਿੰਨੋਂ ਭੈਣ ਭਰਾ ਦਿਮਾਗ ਦੇ ਧਨੀ ਹਨ, ਪਰੰਤੂ ਮਿੱਠ ਬੋਲੜੇ ਕੋਰੇ ਅਨਪੜ੍ਹ ਇਹ ਤਿੰਨੋਂ ਹੀ ਜਮਾਂਦਰੂ ਨੇਤਰਹੀਣ ਹਨ। ਦਲਿਤ ਵਿਹੜੇ ਦੀ ਗੁਰਬੱਤ 'ਚੋਂ ਬਾਹਰ ਨਿਕਲਣ ਲਈ ਇਹਨਾਂ ਦੇ ਜਜ਼ਬੇ ਤਾਂ ਅੰਬਰ ਦੇ ਮੀਨਾਕਾਰੀ ਕਰਨ ਜਿਹੇ ਹਨ। ਪਰੰਤੂ ਉਹ ਆਪਣੇ ਮਾਤਾ-ਪਿਤਾ ਦੇ ਬੁਢਾਪੇ ਵਿੱਚ ਉਹਨਾਂ ਦੀ ਡੰਗੋਰੀ ਬਣਨ ਦੀ ਥਾਂ ਤੇ ਖ਼ੁੱਦ ਹੀ ਆਪਣੇ 60 ਤੋਂ 65 ਸਾਲੇ ਪਿਤਾ ਸੁਖਦੇਵ ਸਿੰਘ ਅਤੇ ਮਾਤਾ ਮਨਜੀਤ ਕੌਰ 'ਤੇ ਹੀ ਨਿਰਭਰ ਹੋ ਕੇ ਰਹਿ ਗਏ ਹਨ। ਜਦੋਂ ਕਿਸੇ ਬਜ਼ੁਰਗ ਜੋੜੇ ਨੂੰ ਆਪਣੇ ਹੀ ਨੇਤਰਹੀਣ ਲਾਡਲਿਆਂ ਦਾ ਸਹਾਰਾ ਬਣਨਾ ਪੈ ਜਾਵੇ ਤਾਂ ਇਸ ਤੋਂ ਵੱਡੀ ਦੁਖਦਾਇਕ ਗੱਲ ਹੋਰ ਕਿਹੜੀ ਹੋ ਸਕਦੀ ਹੈ। ਅਜਿਹੀ ਹਕੀਕੀ ਦਾਸਤਾਨ ਹੈ ਇਸ ਤਹਿਸੀਲ ਦੇ ਪਿੰਡ ਅਚਾਨਕ ਵਿਚ ਰਹਿੰਦੇ ਉਕਤ ਪਰਿਵਾਰ ਦੀ ਜਿਨ੍ਹਾਂ ਦੀਆਂ ਦੋ ਜਵਾਨ ਧੀਆਂ ਅਤੇ ਇਕ ਲੜਕਾ ਜਮਾਂਦਰੂ ਹੀ ਅੱਖੋਂ ਵਿਹੂਣੇ ਹੋ ਕੇ ਦਰ-ਦਰ ਧੀਆਂ ਠੋਕਰਾਂ ਖਾਣ ਲੱਗੇ। ਆਪਣੀ ਜ਼ਿੰਦਗੀ ਦੇ ਸੁਨਹਿਰੇ ਪਲਾਂ ਦੀ ਹੋਂਦ ਗੁਆ ਬੈਠਾ ਇਹ ਬਜ਼ੁਰਗ ਜੋੜਾ ਆਪਣੇ ਤਿੰਨੋਂ ਧੀਆਂ ਪੁੱਤ ਦੇ ਭਵਿੱਖ ਦੀ ਤਲਾਸ਼ ਵਿੱਚ ਹੁਣ ਹਾਰ ਹੰਭ ਕੇ ਕੁਦਰਦ ਦੇ ਇਸ ਵਰਤਾਰੇ ਲਈ ਰੱਬ ਨੂੰ ਹੀ ਉਲਾਂਭੇ ਦੇਣ ਯੋਗਾ ਰਹਿ ਗਿਆ ਹੈ। ਇਸ ਜੋੜੇ ਦਾ ਕਹਿਣਾ ਹੈ ਕਿ ਸਾਡੇ ਇਹ ਬੱਚੇ ਹੁਣ ਨਿਸ਼ਚਿਤ ਉਮਰ ਦਾ ਅੱਧ ਪਾਰ ਗਏ ਹਨ। ਵੱਡੀ ਗੁੱਡੀ ਕਿਰਨਪਾਲ ਕੌਰ 30 ਸਾਲ ਦੀ ਹੋ ਗਈ ਹੈ, ਜਦੋਂ ਕਿ ਲੜਕਾ ਅੰਮ੍ਰਿਤਪਾਲ 25 ਦਾ, ਤੇ ਛੋਟੀ ਗੁੱਡੀ ਅਮਨ ਕੌਰ 22 ਸਾਲ ਦੀ ਹੋ ਗਈ। ਉਹਨਾਂ ਦਾ ਕਹਿਣਾ ਹੈ ਕਿ ਕੋਈ ਵੀ ਥਾਂ ਨਹੀਂ ਛੱਡੀ ਜਿੱਥੇ ਜਿੱਥੇ ਵੀ ਦੱਸ ਪਈ, ਇਹਨਾਂ ਨੂੰ ਦਿਖਾਉਣ ਗਏ ਪਰੰਤੂ ਇਹਨਾਂ ਦੀਆਂ ਅੱਖਾਂ ਦੀ ਜੋਤ ਨਾ ਬਣ ਸਕੀ। ਆਪਣਾ ਦਰਦ ਫਰੋਲਦਿਆਂ ਉਹਨਾਂ ਦਾ ਕਹਿਣਾ ਹੈ ਕਿ ਅੱਜ ਦੇ ਸਮੇਂ ਵਿਚ ਸਰਕਾਰਾਂ ਦੀ ਸਿਤਮ ਜ਼ਰੀਫੀ ਦੇਖੋ ਕਿ ਅੱਜ ਤੱਕ ਕਿਸੇ ਨੇ ਉਹਨਾਂ ਦੇ ਨੇਤਰਹੀਣ ਬੱਚਿਆਂ ਬਾਰੇ ਤਾਂ ਕੀ ਸੋਚਣਾ ਸੀ, ਸਗੋਂ ਸਾਡੀ ਦੋਵਾਂ ਜਣਿਆਂ ਦੀ ਬੁਢੇਪਾ ਪੈਨਸ਼ਨ ਵੀ ਨਹੀਂ ਲੱਗ ਸਕੀ। ਉਹਨਾਂ ਦੱਸਿਆ ਕਿ ਪਰਮਾਤਮਾ ਨੇ ਬੇਸ਼ੱਕ ਉਹਨਾਂ ਦੇ ਤਿੰਨਾਂ ਜੁਆਕਾਂ ਨੂੰ ਅੱਖਾਂ ਦੀ ਜੋਤ ਨਹੀਂ ਦਿੱਤੀ ਪਰੰਤੂ ਇਹਨਾਂ ਦੀ ਕੁਦਰਤੀ ਸਮਝ ਸ਼ਕਤੀ ਬਹੁਤ ਹੀ ਤੀਬਰ ਹੈ।

ਉਹਨਾਂ ਦਾ ਨੇਤਰਹੀਣ ਅੰਮ੍ਰਿਤਪਾਲ ਕਮਾਲ ਦੀ ਸਮਝ ਰੱਖਦਾ ਹੈ। ਬੱਸ ਇਕ ਵਾਰ ਜਿਸ ਕਿਸੇ ਦੀ ਵੀ ਆਵਾਜ਼ ਸੁਣ ਲਵੇ ਤਾਂ ਉਹੀ ਆਵਾਜ਼ ਜੇਕਰ ਉਸ ਨੂੰ ਕਈ ਸਾਲਾਂ ਬਾਅਦ ਫਿਰ ਸੁਣਨ ਮਿਲੇ ਤਾਂ ਉਹ ਝੱਟ ਦੱਸ ਸਕਦਾ ਹੈ ਕਿ ਉਹ ਕੌਣ ਹੈ। ਇਸ ਤਰ੍ਹਾਂ ਹੀ ਉਹ ਕਿਸੇ ਵੀ ਵਹੀਕਲ ਨੂੰ ਇਕ ਵਾਰ ਹੱਥ ਲਾ ਕੇ ਉਸਦੀ ਆਵਾਜ਼ ਸੁਣ ਕੇ ਉਸੇ ਵਹੀਕਲ ਨੂੰ ਦੇਰ ਬਾਅਦ ਪਹਿਚਾਣ ਕੇ ਦੱਸ ਸਕਦਾ ਹੈ ਕਿ ਇਹ ਵਹੀਕਲ ਕਿਸ ਦਾ ਹੈ। ਉਹ ਚਾਹੇ ਟਰੈਕਟਰ, ਕਾਰ, ਜੀਪ, ਮੋਟਰਸਾਈਕਲ, ਸਕੂਟਰ ਜਾਂ ਬੱਸ ਹੋਵੇ। ਉਹਨਾਂ ਦੇ ਘਰ ਪੁੱਜੀ ਪੱਤਰਕਾਰਾਂ ਦੀ ਟੀਮ ਵੱਲੋਂ ਜਦੋਂ ਅੰਮ੍ਰਿਤਪਾਲ ਨੂੰ ਪੁੱਛਿਆ ਗਿਆ ਕਿ ਉਹ ਆਪਣੇ ਨੇਤਰਹੀਣ ਹੋਣ ਬਾਰੇ ਕੀ ਮਹਿਸੂਸ ਕਰਦਾ ਹੈ ਤਾਂ ਉਸਦਾ ਕਹਿਣਾ ਸੀ ਕਿ ਉਹ ਇਕ ਜ਼ਿੰਦਾ ਦਿਲ ਵਿਅਕਤੀ ਹੈ। ਜਿਹੜਾ ਹਰ ਕੰਮ ਕਰਨ ਦੇ ਸਮਰੱਥ ਹੈ। ਪਰੰਤੂ ਘਰ ਦੀ ਗਰੀਬੀ ਤੇ ਸਰਕਾਰਾਂ ਦੀ ਅਣਗਹਿਲੀ ਕਾਰਨ ਆਪਣੇ ਹੀ ਘਰ ਦੀ ਕੱਚੀ ਕੋਠੜੀ ਵਿਚ ਸੀਮਤ ਹੋ ਕੇ ਰਹਿ ਗਿਆ ਹੈ। ਉਸਦਾ ਕਹਿਣਾ ਸੀ ਕਿ ਉਹ ਮੋਬਾਈਲ ਫੋਨ ਦੀ ਵਰਤੋਂ ਬੜੀ ਸਫ਼ਾਈ ਨਾਲ ਕਰਦਾ ਹੈ। ਆਪਣੇ ਨੰਬਰ ਖੁਦ ਡਾਇਲ ਕਰਨ ਦੇ ਨਾਲ-ਨਾਲ ਨੰਬਰ ਫੀਡ ਵੀ ਕਰਨਾ ਜਾਣਦਾ ਹੈ। ਉਹ ਕ੍ਰਿਕਟ ਖੇਡ ਦਾ ਸੈਦਾਈ ਬੰਦਾ ਹੈ, ਸਾਰੇ ਦੇਸ਼ਾਂ ਦੇ ਕ੍ਰਿਕਟ ਖਿਡਾਰੀਆਂ ਦੇ ਅਤੇ ਅੰਪਾਇਰਾਂ ਦੇ ਨਾਮ ਉਸਦੇ ਜ਼ੁਬਨੀ ਯਾਦ ਹਨ। ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਪਿੰਡ ਵਾਲਿਆਂ ਤੋਂ ਇਲਾਵਾ ਆਸੇ-ਪਾਸੇ ਦੇ ਸੰਪਰਕ ਸੂਤਰਾਂ ਦੇ 200 ਮੋਬਾਇਲ ਫੋਨ ਨੰਬਰ ਉਸਦੇ ਜ਼ੁਬਾਨੀ ਯਾਦ ਹਨ। ਅੰਮ੍ਰਿਤ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਸਰਬ ਸਿੱਖਿਆ ਅਭਿਆਨ ਲਹਿਰ ਵਿਚ ਉਸ ਨੂੰ ਸ਼ਾਮਲ ਕਰ ਲਵੇ ਤਾਂ ਉਹ ਸਹਿਜੇ ਹੀ ਪੂਰੀ ਵਫ਼ਾਦਾਰੀ ਤੇ ਜ਼ਿੰਮੇਵਾਰੀ ਨਾਲ ਕਿਸੇ ਵੀ ਕਾਰਜ ਨੂੰ ਨਿਭਾਅ ਸਕਦਾ ਹੈ। ਉਸਦਾ ਕਹਿਣਾ ਹੈ ਕਿ ਉਹ ਸਾਰੇ ਪਿੰਡ ਵਿੱਚ ਹਰਮਨ ਪਿਆਰਾ ਤਾਂ ਹੈ ਪਰੰਤੂ ਉਸ ਦੀ ਕੋਈ ਆਰਥਿਕ ਸਹਾਇਤਾ ਨਹੀਂ ਕਰਦਾ। ਉਹ ਦੱਸਦਾ ਹੈ ਕਿ ਪਿੰਡ ਦੀ ਹਰ ਸੂਚਨਾ ਉਸ ਨੂੰ ਹੀ ਪਿੰਡ ਦੇ ਲਾਊਡ ਸਪੀਕਰ ਰਾਹੀਂ ਪਿੰਡ ਵਾਲਿਆਂ ਨੂੰ ਦੱਸਣੀ ਪੈਂਦੀ ਹੈ। ਅੰਮ੍ਰਿਤਪਾਲ ਦੀਆਂ ਗੱਲਾਂ ਸੁਣਦਿਆਂ ਉਹਦੀ ਮਾਂ ਮਨਜੀਤ ਕੌਰ ਦੀਆਂ ਅੱਖਾਂ ਚੋਂ ਅੱਥਰੂ ਬਹਿ ਤੁਰੇ। ਜਿਸਨੇ ਦੁਖੀ ਮਨ ਨਾਲ ਪੱਤਰਕਾਰਾਂ ਨੂੰ ਦੱਸਿਆ ਕਿ ਹਰ ਮਾਂ ਬਾਪ ਦਾ ਸੁਪਨਾ ਤਾਂ ਇਹੀ ਹੁੰਦਾ ਹੈ ਕਿ ਉਹਨਾਂ ਦੀ ਔਲਾਦ ਵੱਡੀ ਹੋ ਕੇ ਬੁਢਾਪੇ ਸਮੇਂ ਉਹਨਾਂ ਦੀ ਸੇਵਾ ਕਰੇ ਪਰੰਤੂ ਅਸੀਂ ਇਸ ਉਮਰੇ ਕੀ ਕਰੀਏ। ਸਾਡੇ ਸਹਾਰੇ ਤਾਂ ਹਨ੍ਹੇਰੇ

ਪਿੰਡ ਅਚਾਨਕ ਦੇ ਨੇਤਰਹੀਣ ਭੈਣ ਭਰਾ ਆਪਣੇ ਮਾਤਾ-ਪਿਤਾ ਨਾਲ। ਫੋਟੋ: ਦਵਿੰਦਰ ਸਿੰਘ ਕੋਹਲੀ